Khalsa School Calgary ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8 Phone: 403-293-7712 Fax: 403-293-2245

ਵਾਹਿਗੁਰੂ ਜੀ ਕਾ ਖ਼ਾਲਸਾ।।
ਵਾਹਿਗੁਰੂ ਜੀ ਕੀ ਫ਼ਤਹਿ।।

**ਮਾਪੇ-ਅਧਿਆਪਕ ਕਾਨਫਰੰਸ**

ਵੀਰਵਾਰ, ਮਾਰਚ 5 ਸ਼ਾਮ ਨੂੰ 2:40 ਤੋਂ 7:50 ਤੱਕ
ਸ਼ੁੱਕਰਵਾਰ, ਮਾਰਚ 6 ਸਵੇਰ ਨੂੰ 8:10 ਤੋਂ ਦੁਪਹਿਰ 1:30 ਤੱਕ

ਇਹ ਕਾਨਫਰੰਸਾਂ ਖ਼ਾਲਸਾ ਸਕੂਲ ਕੈਲਗਰੀ ਵਿਖੇ ਵਿਅਕਤੀਗਤ ਤੌਰ ਤੇ ਹੋਣਗੀਆਂ। ਇਹਨਾਂ ਦਿਨਾਂ ਦੌਰਾਨ ਵਿਦਿਆਰਥੀਆਂ ਦੀਆਂ ਕਲਾਸਾਂ ਨਹੀ ਹੋਣਗੀਆਂ,ਪਰ ਅਸੀਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਨਾਲ ਕਾਨਫਰੰਸਾਂ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਦੇ ਹਾਂ।

**ਕਿੰਡਰਗਾਰਟਨ ਤੋਂ ਨੌਵੀਂ ਗ੍ਰੇਡ ਦੀਆਂ ਸਾਰੀਆਂ ਕਾਨਫਰੰਸਾਂ ਨਿਰਧਾਰਿਤ ਸਮੇਂ ਤੇ ਹੋਣਗੀਆਂ। ਆਪ ਜੀ ਕਿਸੇ ਵੀ ਅਧਿਆਪਕ ਨੂੰ ਸਿੱਧੇ ਨਹੀਂ ਮਿਲ ਸਕਦੇ। ਗ੍ਰੇਡ 7-9, ਪੰਜਾਬੀ ਕੀਰਤਨ ਅਤੇ ਪੀਈ ਕਾਨਫਰੰਸ ਲਈ ਵੀ ਆਪ ਜੀ ਨੂੰ ਮੀਟਿੰਗ ਬੁੱਕ ਕਰਨ ਦੀ ਲੋੜ ਹੈ। ਕਿੰਡਰਗਾਰਟਨ ਤੋਂ ਗ੍ਰੇਡ 9, ਕੀਰਤਨ, ਤਬਲੇ ਅਤੇ ਪੰਜਾਬੀ ਦੇ ਅਧਿਆਪਕ ਆਪਣੇ ਕਲਾਸ ਰੂਮ ਵਿੱਚ ਮਿਲਣਗੇ। ਮਿਸਜ਼ ਸਮੀਰ ਕੌਰ ਰੂਮ ਨੰਬਰ 25 ਅਤੇ ਮਿਸਜ਼ ਜਵੰਦਾ ਸਾਇੰਸ ਲੈਬ ਵਿੱਚ ਮਿਲਣਗੇ।**

ਕਿਰਪਾ ਕਰਕੇ ਦੋਵੇਂ ਦਿਨ ਕਿੰਡਰਗਾਰਟਨ ਤੋਂ ਗ੍ਰੇਡ 9, ਪੰਜਾਬੀ ,ਕੀਰਤਨ ਅਤੇ ਪੀਈ ਅਧਿਆਪਕ ਲਈ ਨੀਯਤ ਬਰੇਕਾਂ ਨੂੰ ਨੋਟ ਕਰੋ :

* 5 ਮਾਰਚ ਨੂੰ ਸ਼ਾਮ 5:00 ਤੋਂ 5:30 PM ਤੱਕ ਕਿੰਡਰਗਾਰਟਨ ਤੋਂ ਛੇਵੀਂ ਗ੍ਰੇਡ ਦੇ ਅਧਿਆਪਕ ਉਪਲਬਧ ਨਹੀਂ ਹੋਣਗੇ।
* 5 ਮਾਰਚ ਨੂੰ ਸ਼ਾਮ 5:30 ਤੋਂ 6:00 PM ਤੱਕ ਗ੍ਰੇਡ 7-9, ਪੰਜਾਬੀ, ਕੀਰਤਨ ਅਤੇ ਜਿੰਮ ਅਧਿਆਪਕ ਉਪਲਬਧ ਨਹੀਂ ਹੋਣਗੇ।
* 6 ਮਾਰਚ ਨੂੰ ਸਵੇਰੇ 10:40 ਤੋਂ 11:00 ਵਜੇ ਤੱਕ ਸਾਰੇ ਅਧਿਆਪਕ ਉਪਲਬਧ ਨਹੀਂ ਹੋਣਗੇ।

ਮੀਟਿੰਗ ਲਈ ਬੁਕਿੰਗ ਸ਼ੁੱਕਰਵਾਰ, 20 ਫ਼ਰਵਰੀ ਨੂੰ ਸ਼ਾਮ 3:30 ਤੋਂ ਖੁੱਲੀ ਹੈ ਅਤੇ ਬੁੱਧਵਾਰ, 4 ਮਾਰਚ ਨੂੰ ਸ਼ਾਮ 3:30 PM ਬੰਦ ਹੋਵੇਗੀ। ਕਿਰਪਾ ਕਰਕੇ ਤੁਹਾਡੇ ਵੱਲੋਂ ਸਕੂਲੀ ਸਾਲ ਦੀ ਸ਼ੁਰੂਆਤ ਵਿੱਚ ਬਣਾਏ ਗਏ ਯੂਜ਼ਰਨਾਮ ਅਤੇ ਪਾਸਵਰਡ ਦੀ ਵਰਤੋਂ
ਕਰਕੇ https://ksc.schoolappointments.com ਤੇ ਲੌਗ ਇਨ ਕਰੋ। ਕਿਸੇ ਵੀ ਮੀਟਿੰਗ ਦਾ ਸਮਾਂ ਬੁੱਕ ਕਰਦੇ ਸਮੇਂ, ਆਪਣੇ ਬੱਚੇ ਦਾ ਨਾਮ ਵਰਤੋ, ਨਾ ਕਿ ਮਾਪਿਆਂ ਦਾ।
ਕਿਸੇ ਵੀ ਹੋਰ ਸਵਾਲ ਲਈ, ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।



245228 Conrich RD, Conrich, AB, T1Z 0N8
Phone: 403-293-7712 Fax: 403-293-2245

## ਫ਼ਰਵਰੀ ਅਤੇ ਮਾਰਚ ਮਹੀਨੇ ਵਿੱਚ ਸਿੱਖ ਇਤਿਹਾਸਿਕ ਦਿਹਾੜੇ

ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਫ਼ਰਵਰੀ ਮਹੀਨੇ ਵਿੱਚ ਆਏ ਇਤਿਹਾਸਿਕ ਦਿਹਾੜੇ ਵੱਡਾ ਘੱਲੂਘਾਰਾ, ਜਨਮ ਦਿਹਾੜਾ ਬਾਬਾ ਅਜੀਤ ਸਿੰਘ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ, ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਮਾਰਚ ਮਹੀਨੇ ਵਿੱਚ ਖ਼ਾਲਸਾ ਸਾਜਨਾ ਦਿਵਸ ਅਤੇ ਹੋਲਾ-ਮਹੱਲਾ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ।

## ਗੁਰਦਵਾਰਾ ਪਰਫ਼ਾਰਮੈਂਸ

ਹਰ ਮਹੀਨੇ ਖ਼ਾਲਸਾ ਸਕੂਲ ਦੇ ਵਿਦਿਆਰਥੀ ਗੁਰਦਵਾਰਾ ਦਸਮੇਸ਼ ਕਲਚਰ ਸੈਂਟਰ ਵਿਖੇ ਕੀਰਤਨ ਕਰਨ ਜਾਂਦੇ ਹਨ।
ਇਸ ਮਹੀਨੇ ਦਿਨ ਐਤਵਾਰ ੧ ਮਾਰਚ, ੨੦੨੬ ਨੂੰ ਬੱਚਿਆਂ ਦੁਆਰਾ ਸ਼ਬਦ ਕੀਰਤਨ ਕੀਤਾ ਜਾਵੇਗਾ। ਆਪ ਸਭ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

## ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ।।
## ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ।।

14 ਮਾਰਚ, 1 ਚੇਤ (ਬਿਕ੍ਰਮੀ ਸਾਲ 2083) ਨਾਨਕਸ਼ਾਹੀ ਸੰਮਤ 557

ਖ਼ਾਲਸਾ ਸਕੂਲ ਕੈਲਗਰੀ ਦੇ ਬੋਰਡ ਮੈਂਬਰ, ਪ੍ਰਬੰਧਕ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਆਪ ਸਭ ਨੂੰ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 557 ਦੀਆਂ ਬਹੁਤ-ਬਹੁਤ ਵਧਾਈਆਂ। ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਹੈ ਕਿ ਇਹ ਸਾਲ ਆਪ ਸਭ ਲਈ ਸੇਵਾ, ਸਿਮਰਨ, ਸੰਗਤ, ਤੰਦਰੁਸਤੀ ਅਤੇ ਖੁਸ਼ੀਆਂ ਖੇੜੇ ਲੈ ਕੇ ਆਵੈ।



Khalsa School Calgary

ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8

Phone: 403-293-7712 Fax: 403-293-2245

# ਹੋਲਾ ਮਹੱਲਾ ਅਤੇ ਖ਼ਾਲਸਾ ਸਾਜਨਾ ਦਿਵਸ

ਆਪ ਸਭ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ।

ਖ਼ਾਲਸਾ ਸਕੂਲ ਵਲੋਂ ਹੋਲਾ ਮਹੱਲਾ ਦਿਨ ਬੁੱਧਵਾਰ, 4 ਮਾਰਚ, 2026 ਨੂੰ ਮਨਾਇਆ ਜਾ ਰਿਹਾ ਹੈ। 8:25-9:15 ਵਿਸ਼ੇਸ ਅਸੈਂਬਲੀ ਜੋ ਕਿ ਹੋਲਾ ਮਹੱਲਾ ਦਿਵਸ ਨੂੰ ਸਮਰਪਿਤ ਹੋਵੇਗੀ। ਇਸ ਦਿਨ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਜਾਵੇਗਾ ਅਤੇ ਗੱਤਕੇ ਦੇ ਜੌਹਰ ਦਿਖਾਏ ਜਾਣਗੇ। ਖ਼ਾਲਸਾ ਸਾਜਨਾ ਦਿਵਸ ਦਿਨ ਵੀਰਵਾਰ, 2 ਅਪ੍ਰੈਲ, 2026 ਨੂੰ ਮਨਾਇਆ ਜਾ ਰਿਹਾ ਹੈ। 8:25-9:15 ਵਿਸ਼ੇਸ ਅਸੈਂਬਲੀ ਜੋ ਕਿ ਖ਼ਾਲਸੇ ਦੇ 326 ਵੇਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹੋਵੇਗੀ। ਸਵੇਰ 10 ਤੋਂ  ਦੁਪਹਿਰ 12 ਵਜੇ ਗ੍ਰੇਡ 1-6 ਦੇ ਵਿਦਿਆਰਥੀ ਵਿਸਾਖੀ ਨੂੰ ਸਮਰਪਿਤ ਸੈਂਟਰਾਂ ਵਿੱਚ ਜਾਣਕਾਰੀ ਪ੍ਰਾਪਤ ਕਰਨਗੇ। ਗ੍ਰੇਡ 7-9 ਦੇ ਵਿਦਿਆਰਥੀਆਂ ਨੂੰ ਮਹਿਮਾਨ ਬੁਲਾਰੇ ਸੰਬੋਧਨ ਕਰਨਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਆਪ ਜੀ ਨਾਲ਼ ਆਉਣ ਵਾਲ਼ੇ ਦਿਨਾਂ ਵਿੱਚ ਸਾਂਝੀ ਕੀਤੀ ਜਵੇਗੀ।